ਹਰ ਕੌਮ ਦੀ ਸਭਿਆਚਾਰਕ ਤੌਰ 'ਤੇ ਪਛਾਣ ਵਿਕਸਤ ਕਰਨੀ ਚਾਹੀਦੀ ਹੈ। ਬੁਲਾਰਿਆਂ ਨੇ ਇਹ ਵੀ ਕਿਹਾ ਕਿ ਵਿਕਾਸ ਦੇ ਮਾਡਲ ਦੇ ਨਾਂ ਹੇਠ ਪੰਜਾਬ ਦੇ ਪਿੰਡਾਂ ਨੂੰ ਉਜਾੜਨ ਦੀ ਜੋ ਨਵੀਂ ਪ੍ਰਕਿਰਿਆ ਸ਼ੁਰੂ ਹੋਈ ਹੈ, ਉਸ ਨੇ ਪੰਜਾਬੀ ਕੌਮ ਲਈ ਨਵੇਂ ਖ਼ਤਰੇ ਖੜ੍ਹੇ ਕਰ ਦਿੱਤੇ ਹਨ।

ਪੰਜਾਬੀ ਯੂਨੀਵਰਸਿਟੀ ਦੇ ਸਾਬਕਾ ਉਪ ਕੁਲਪਤੀ ਤੇ ਆਰਥਿਕ ਮਾਹਿਰ ਡਾ· ਐਸ ਐਸ ਜੌਹਲ ਨੇ ਕਿਹਾ ਕਿ ਲੇਖਕਾਂ ਵਲੋਂ ਆਪਣੀਆਂ ਲਿਖਤਾਂ ਵਿਚ ਸੰਸਕ੍ਰਿਤ ਦੇ ਬੇਹੱਦ ਔਖੇ ਸ਼ਬਦ ਵਾੜ ਦਿੱਤੇ ਜਾਂਦੇ ਹਨ, ਜਿਹਨਾਂ ਦੀ ਪਾਠਕਾਂ ਨਾਲ ਕੋਈ ਮਾਨਸਿਕ ਸਾਂਝ ਵੀ ਨਹੀਂ ਹੁੰਦੀ, ਜਿਸ ਕਰਕੇ ਪੰਜਾਬੀ ਕਿਤਾਬਾਂ ਅਣਵਿਕੀਆਂ ਹੀ ਰਹਿ ਜਾਂਦੀਆਂ ਹਨ। ਉਹਨਾਂ ਕਿਹਾ ਕਿ ਸਾਡੇ ਕੋਲ ਪ੍ਰਭੂਸੱਤਾ ਹੈ, ਜੁਬਾਨ ਹੈ ਪਰ ਇਹ ਸਾਡੀ ਕਮਜ਼ੋਰੀ ਹੀ ਕਹੀ ਜਾ ਸਕਦੀ ਹੈ ਕਿ ਅਸੀਂ ਸਰਕਾਰਾਂ ਉਪਰ ਦਬਾਅ ਬਣਾ ਕੇ ਆਪਣੀ ਭਾਸ਼ਾ ਦੀ ਤਰੱਕੀ ਲਈ ਕੱਖ ਵੀ ਨਹੀਂ ਕਰ ਸਕੇ। ਸਾਨੂੰ ਆਪਣੀ ਕੌਮੀਅਤ ਉਪਰ ਸਵੈਮਾਣ ਨਾਲ ਹੀ ਅੱਗੇ ਵਧਣਾ ਚਾਹੀਦਾ ਹੈ। ਡਾ. ਦਰਸ਼ਨ ਸਿੰਘ ਨੇ ਸਮਾਗਮ ਦੀ ਪ੍ਰਧਾਨਗੀ ਕਰਦਿਆਂ ਕਿਹਾ ਕਿ ਕੋਈ ਵੀ ਕੌਮ ਕਿਸੇ ਘੇਰੇ ਜਾਂ ਖਿੱਤੇ ਦੀ ਮੁਥਾਜ ਨਹੀਂ ਹੁੰਦੀ ਬਲਕਿ ਹਰੇਕ ਕੌਮ ਆਪਣੀ ਸਭਿਆਚਾਰਕ ਪਛਾਣ ਅਤੇ ਭਾਸ਼ਾ ਦੇ ਸਿਰ ਤੇ ਹੀ ਜਿਊਂਦੀ ਹੈ। ਜੇਕਰ ਕਿਸੇ ਕੌਮ ਕੋਲ ਆਪਣੀ ਪ੍ਰਭੂਸੱਤਾ ਹੋਵੇ ਤਾਂ ਉਸ ਲਈ ਬੇਹੱਦ ਲਾਹੇਵੰਦ ਹੁੰਦੀ ਹੈ। ਉਹਨਾਂ ਇਹ ਵੀ ਜ਼ੋਰ ਦੇ ਕੇ ਕਿਹਾ ਕਿ ਕਿਸੇ ਕੌਮ ਬਾਰੇ ਇਤਿਹਾਸ ਦੀਆਂ ਪਾਈਆਂ ਗਲਤ ਲੀਹਾਂ ਨੂੰ ਤੋੜਨਾ ਲਾਜ਼ਮੀ ਹੈ।

ਸਾਊਥ ਏਸ਼ੀਆ ਰਿਸਰਚ ਇੰਸਟੀਚਿਊਟ ਵਲੋਂ ਤਿਆਰ ਕੀਤੇ ਖੋਜ ਪੱਤਰ 'ਲੋਕਾਂ ਦਾ ਭਾਸ਼ਾਈ ਅਧਿਕਾਰ ਅਤੇ ਇਸ ਮਸਲੇ ਦੇ ਕੁਝ ਪਹਿਲੂਆਂ ਦੀ ਝਲਕ ਨੂੰ ਬੀਬੀ ਕੁਲਬੀਰ ਕੌਰ ਨੇ ਪੜ੍ਹਦਿਆਂ ਦੱਸਿਆ ਕਿ ਗੁਲਾਮ ਕੌਮਾਂ ਜਾਂ ਰਾਜਨੀਤਕ ਤੌਰ ਤੇ ਦਬਾਈਆਂ ਹੋਈਆਂ ਕੌਮਾਂ ਦੀ ਜੁਬਾਨ ਕਦੇ ਵੀ ਤਰੱਕੀ ਨਹੀਂ ਕਰ ਸਕਦੀ। ਉਹਨਾਂ ਪੰਜਾਬੀ ਬੋਲੀ ਦੇ ਮਸਲੇ ਨੂੰ ਸੰਬੋਧਤ ਹੁੰਦਿਆਂ ਕਿਹਾ ਕਿ ਇਹ ਪੰਜਾਬੀਆਂ ਦੇ ਜਿਊਣ ਦਾ ਹੱਕ ਹੈ ਤੇ ਇਹ ਕੋਈ ਛੋਟੀ ਜਿਹੀ ਗੱਲ ਨਹੀਂ। ਉਹਨਾਂ ਕਿਹਾ ਕਿ ਆਪਣੀ ਬੋਲੀ ਨਾਲ ਹੀ ਪੰਜਾਬੀ ਕੌਮ ਅਤੇ ਪੰਜਾਬੀ ਲੋਕਾਂ ਦੇ ਜਿਊਣ ਦਾ ਹੱਕ ਤਸਲੀਮ ਹੋ ਸਕਦਾ ਹੈ। ਡਾ· ਕਰਨੈਲ ਸਿੰਘ ਥਿੰਦ ਨੇ ਆਪਣੇ ਪਰਚੇ 'ਪੰਜਾਬੀ ਭਾਸ਼ਾ ਤੇ ਸਭਿਆਚਾਰ ਦੇ ਮਸਲੇ : ਪੰਜਾਬੀ ਕੌਮ ਦੇ ਹਵਾਲੇ ਨਾਲ ਵਿਚ ਕਿਹਾ ਕਿ ਪੰਜਾਬੀ ਭਾਸ਼ਾ ਤੇ ਸਭਿਆਚਾਰ ਨਾਲ ਜੁੜੇ ਮਸਲੇ ਉਸ ਸਮੇਂ ਹੀ ਸ਼ੁਰੂ ਹੋ ਗਏ ਸਨ ਜਦੋਂ ਅੰਗਰੇਜ਼ਾਂ ਨੇ ਪੰਜਾਬ ਨੂੰ ਹਥਿਆ ਕੇ ਆਪਣੇ ਕਬਜ਼ੇ ਵਿਚ ਕਰ ਲਿਆ ਸੀ। ਡਾ· ਬਲਦੇਵ ਧਾਲੀਵਾਲ ਨੇ ਕਿਹਾ ਕਿ ਪੰਜਾਬੀਅਤ ਦੀ ਤੰਦ ਪੰਜਾਬੀ ਲੋਕਾਂ ਨੂੰ ਇਕ ਦੂਜੇ ਨਾਲ ਸੰਪਰਕ ਵਧਾਉਣ ਲਈ ਪ੍ਰੇਰਦੀ ਹੈ। ਉਹਨਾਂ ਭਾਰਤ ਵਿਚਲੇ ਪੰਜਾਬ ਦੀ ਗੱਲ ਕਰਦਿਆਂ ਕਿਹਾ ਕਿ ਨਵ-ਬਸਤੀਵਾਦ ਦੀਆਂ ਫੇਟਾਂ ਨਾਲ ਭਾਵੇਂ ਇਸ ਦੀਆਂ ਚੂਲਾਂ ਵੀ ਹਿੱਲਣ ਲੱਗ ਪਈਆਂ ਹਨ ਪਰ ਆਪਣੀ ਹਸਤੀ ਦੇ ਮਿਟ ਜਾਣ ਦਾ ਤੌਖਲਾ ਇਸ ਕਦਰ ਵਿਆਪਕ ਨਹੀਂ ਰਿਹਾ, ਜਿਸ ਕਦਰ ਪ੍ਰਵਾਸੀ ਅਤੇ ਪਾਕਿਸਤਾਨੀ ਪੰਜਾਬ ਦੇ ਪ੍ਰਸੰਗ ਵਿਚ ਵੇਖਣ ਨੂੰ ਮਿਲਦਾ ਹੈ।

ਇੰਗਲੈਂਡ ਤੋਂ ਪਹਿਲੀ ਵਾਰ ਪੰਜਾਬ ਆਈ ਫੈਰੋ ਮਲਿਕ ਨੇ ਨਮ ਅੱਖਾਂ ਨਾਲ ਆਖਿਆ ਕਿ ਉਹ ਇਸ ਮੰਚ ਤੇ ਅੱਜ ਜਿੰਦਗੀ ਚ ਪਹਿਲੀ ਵਾਰ ਪੰਜਾਬੀ ਬੋਲ ਰਹੀ ਹੈ। ਉਸ ਨੇ ਕਿਹਾ ਕਿ ਉਹ ਬੇਸ਼ਕ ਜਨਮੀ ਕੀਨੀਆ ਵਿਚ ਹੈ ਪਰ ਉਹ ਇਸ ਸਮੇਂ ਇੰਗਲੈਂਡ ਵਿਚ ਰਹਿ ਰਹੀ ਹੈ। ਉਸ ਨੇ 1947 ਦੇ ਘੱਲੂਘਾਰੇ ਦੀ 60ਵੀਂ ਯਾਦ ਵਿਚ ਖੇਡੇ ਜਾ ਰਹੇ ਨਾਟਕ 'ਉਮਰਾਂ ਲੰਘੀਆਂ ਪੱਬਾਂ ਭਾਰ ਬਾਰੇ ਵੀ ਜਾਣਕਾਰੀ ਦਿੱਤੀ। ਡਾ· ਰੌਣਕੀ ਰਾਮ ਨੇ ਕਿਹਾ ਕਿ ਪੰਜਾਬੀ ਕੌਮ ਦੀ ਉਸਾਰੀ ਦੇ ਨਾਲ ਨਾਲ ਹੀ ਜੇਕਰ ਜਾਤੀ ਤੇ ਜਮਾਤੀ ਮਸਲਿਆਂ ਨੂੰ ਹੱਲ ਕੀਤਾ ਜਾ ਸਕੇਗਾ ਤਾਂ ਹੀ ਸੰਸਾਰੀਕਰਨ ਦੇ ਇਸ ਦੌਰ ਵਿਚ ਪੰਜਾਬੀ ਕੌਮ ਆਪਣਾ ਸਿਰ ਉਚਾ ਕਰਕੇ ਜਿਊਣ ਦੇ ਯੋਗ ਹੋਵੇਗੀ। ਕਾਨਫਰੰਸ ਦੌਰਾਨ ਡਾ· ਨਿਰਮਲ ਸਿੰਘ, ਡਾ·ਗੁਰਦੇਵ ਸਿੰਘ ਚੰਦੀ, ਸੁਖਪਾਲ ਸਿੰਘ ਥਿੰਦ, ਡਾ· ਨਿਰਦੇਸ਼ ਕੌਰ ਆਦਿ ਨੇ ਵੀ ਆਪਣੇ ਵਿਚਾਰ ਰੱਖੇ।

ਇਸ ਤੋਂ ਪਹਿਲਾਂ ਪਹਿਲੇ ਦਿਨ ਪੰਜਾਬੀ ਬੋਲੀ ਦੇ ਬਜ਼ੁਰਗ ਜਰਨੈਲ ਪ੍ਰੋ· ਪ੍ਰੀਤਮ ਸਿੰਘ ਨੇ ਆਪਣੇ ਬਹੁਤ ਹੀ ਜਜ਼ਬਾਤੀ ਪਰਚੇ ਵਿਚ ਕਾਨਫਰੰਸ ਵਿਚ ਜੁੜੀ ਸੰਗਤ ਨਾਲ ਕੁਝ ਖਰੀਆਂ ਗੱਲਾਂ ਕੀਤੀਆਂ। ਉਹਨਾਂ ਕਾਨਫਰੰਸ ਦੇ ਪ੍ਰਬੰਧਕਾਂ ਨੂੰ ਜਿੰਦਾ ਸ਼ਹੀਦ ਦੱਸਦਿਆਂ ਇੱਥੋਂ ਦੇ ਪੰਜਾਬੀ ਪਿਆਰਿਆਂ ਅਤੇ ਸਰਕਾਰਾਂ ਨੂੰ ਪੰਜਾਬੀ ਬੋਲੀ ਦੀ ਰਾਖੀ ਨਾ ਕਰਨ ਦਾ ਮਿਹਣਾ ਮਾਰਦਿਆਂ ਕਿਹਾ ਕਿ ਜਦੋਂ ਪੰਜਾਬੀ ਸੂਬੇ ਦੀ ਮੰਗ ਲਈ ਦੋ ਦਹਾਕੇ ਲੜਨ ਵਾਲੀ ਪਾਰਟੀ ਨੇ ਆਪਣੇ ਰਾਜ ਅੰਦਰ ਸਾਰੇ ਸਕੂਲਾਂ ਵਿਚ ਪਹਿਲੀ ਤੋਂ ਅੰਗਰੇਜ਼ੀ ਭਾਸ਼ਾ ਲਾਗੂ ਦਾ ਫੁਰਮਾਨ ਜਾਰੀ ਕੀਤਾ ਸੀ, ਤਾਂ ਉਸ ਦਾ ਪੂਰਾ ਡਟ ਕੇ ਵਿਰੋਧ ਨਾ ਕੀਤਾ ਜਾ ਸਕਿਆ, ਜਿਸ ਦਾ ਸਿੱਟਾ ਅੱਜ ਪੰਜਾਬੀ ਬੋਲੀ ਦੀ ਹੋ ਰਹੀ ਦੁਰਦਸ਼ਾ 'ਚ ਨਿਕਲਿਆ ਹੈ। ਉਹਨਾਂ ਆਪਣੇ ਭਾਸ਼ਣ ਵਿਚ ਬੜਾ ਸਪੱਸ਼ਟ ਹੋ ਕੇ ਕਿਹਾ ਕਿ ਅਸੀਂ ਅੰਗਰੇਜ਼ੀ ਜਾਂ ਕਿਸੇ ਹੋਰ ਭਾਸ਼ਾ ਦੇ ਵਿਰੋਧੀ ਨਹੀਂ ਹਾਂ, ਪਰ ਅਸੀਂ ਇਹ ਨਹੀਂ ਚਾਹੁੰਦੇ ਕਿ ਸਾਡੇ ਬੱਚੇ ਦੇ ਦਿਮਾਗ ਤੇ ਪਹਿਲੇ ਚਾਰ ਸਾਲ ਪੰਜਾਬੀ ਦੀ ਥਾਂ ਜਾਂ ਪੰਜਾਬੀ ਦੇ ਨਾਲ ਕਿਸੇ ਹੋਰ ਭਾਸ਼ਾ ਦਾ ਬੋਝ ਪਾ ਕੇ ਉਹਨਾਂ ਦੇ ਕੁਦਰਤੀ ਵਿਕਾਸ ਨੂੰ ਰੋਕਿਆ ਜਾਵੇ। ਡਾ· ਜੋਗਿੰਦਰ ਸਿੰਘ ਪੁਆਰ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿਚ ਕਾਨਫਰੰਸ ਦੇ ਪ੍ਰਬੰਧਕਾਂ ਦਾ ਧੰਨਵਾਦ ਕਰਦਿਆਂ ਹੋਇਆਂ ਚਾਰ ਰੋਜ਼ਾ ਕਾਨਫਰੰਸ ਵਿਚ ਸ਼ਾਮਲ ਹੋਏ ਸਮੂਹ ਡੈਲੀਗੇਟਾਂ ਨੂੰ ਅਗਲੇ ਦਿਨ ਪੂਰੀ ਤਰ੍ਹਾਂ ਤਿਨ ਕੇ ਇਸ ਗੰਭੀਰ ਚਰਚਾ ਵਿਚ ਹਿੱਸਾ ਲੈਣ ਦੀ ਪ੍ਰੇਰਨਾ ਕੀਤੀ।

ਦੁਪਹਿਰ ਦੇ ਖਾਣੇ ਤੋਂ ਬਾਅਦ ਹਾਵਰਡ ਯੂਨੀਵਰਸਿਟੀ ਅਮਰੀਕਾ ਤੋਂ ਵਿਸ਼ੇਸ਼ ਤੌਰ ਤੇ ਕਾਨਫਰੰਸ ਵਿਚ ਹਿੱਸਾ ਲੈਣ ਆਏ ਫਿਲਾਸਫੀ ਦੇ ਪ੍ਰੋ· ਡਾ· ਜਸਪਾਲ ਸਿੰਘ ਦੀ ਪ੍ਰਧਾਨਗੀ ਹੇਠ ਸ਼ੁਰੂ ਹੋਏ ਦੂਜੇ ਸੈਸ਼ਨ ਵਿਚ 'ਕੌਮ ਦਾ ਸੰਕਲਪ, ਬਣਤਰ ਅਤੇ ਵਿਕਾਸ ਤੇ ਪੰਜਾਬੀ ਕੌਮ ਦੇ ਮਸਲਿਆਂ ਨੂੰ ਵਿਚਾਰਨ ਲਈ ਸੁੱਚਾ ਸਿੰਘ ਦੀਪਕ, ਹਰਕਿਸ਼ਨ ਸਿੰਘ ਮਹਿਤਾ ਅਤੇ ਡਾ· ਰੌਣਕੀ ਰਾਮ ਦੇ ਪਰਚੇ ਪੜ੍ਹੇ ਗਏ। ਡਾ· ਰੌਣਕੀ ਰਾਮ ਨੇ ਆਪਣੇ ਪਰਚੇ 'ਚੜ੍ਹਦੇ ਪੰਜਾਬ ਵਿਚ ਪੰਜਾਬੀ ਕੌਮ ਦੇ ਜਾਤੀ ਅਤੇ ਜਮਾਤੀ ਮਸਲਿਆਂ ਵਿਚ ਪੰਜਾਬੀ ਕੌਮ ਦੇ ਬਹੁ ਧਰਮੀ ਅਤੇ ਬਹੁ ਜਾਤੀ ਹਕੀਕਤ ਨੂੰ ਪ੍ਰਵਾਨ ਕਰਦਿਆਂ ਹੋਇਆਂ ਇਹ ਅਨੁਭਵ ਕੀਤਾ ਕਿ ਸਿੱਖ ਪੰਥ ਦੀ ਹੋਂਦ ਇਸ ਕੋਹੜ ਦੀਆਂ ਜੜ੍ਹਾਂ ਖ਼ਤਮ ਕਰਕੇ ਜਿੱਥੇ ਪੰਜਾਬੀ ਕੌਮ ਨੂੰ ਇਕਮੁੱਠ ਕਰਨ ਲਈ ਸੰਘਰਸ਼ਸ਼ੀਲ ਸੀ, ਉਥੇ ਇਹ ਪੂਰੇ ਵਿਸ਼ਵ ਲਈ ਵੀ ਮਨੁੱਖੀ ਭਰਾਤਰੀ ਦਾ ਸੰਦੇਸ਼ ਸਮੋਈ ਬੈਠਾ ਸੀ। ਗੁਰਬਾਣੀ ਵਿਚ ਓਤ-ਪਰੋਤ ਸੰਦੇਸ਼ਾਂ ਨੂੰ ਸਿਰਫ਼ ਸਿੱਖ ਕੌਮ ਦੇ ਵਿਰਸੇ ਵਜੋਂ ਪੇਸ਼ ਕਰਨਾ ਇਸ ਦੀਆਂ ਵਿਸ਼ਾਲ ਹੱਦਾਂ ਨੂੰ ਇਕ ਹੱਦ ਵਿਚ ਸੀਮਿਤ ਕਰਨਾ ਹੈ। ਗੁਰੂ ਨਾਨਕ ਦਾ ਸੰਦੇਸ਼ ਸਿਰਫ਼ ਇਕ ਮਜ਼੍ਹਬ ਲਈ ਨਾ ਹੋ ਕੇ ਪੂਰੀ ਪੰਜਾਬੀ ਕੌਮੀਅਤ ਅਤੇ ਪੂਰੇ ਵਿਸ਼ਵ ਲਈ ਹੈ। ○

ਪੰਜਾਬੀ ਯੂਨੀਵਰਸਿਟੀ ਦੇ ਸਾਬਕਾ ਉਪ ਕੁਲਪਤੀ ਤੇ ਆਰਥਿਕ ਮਾਹਿਰ ਡਾ· ਐਸ ਐਸ ਜੌਹਲ ਨੇ ਕਿਹਾ ਕਿ ਲੇਖਕਾਂ ਵਲੋਂ ਆਪਣੀਆਂ ਲਿਖਤਾਂ ਵਿਚ ਸੰਸਕ੍ਰਿਤ ਦੇ ਬੇਹੱਦ ਔਖੇ ਸ਼ਬਦ ਵਾੜ ਦਿੱਤੇ ਜਾਂਦੇ ਹਨ, ਜਿਹਨਾਂ ਦੀ ਪਾਠਕਾਂ ਨਾਲ ਕੋਈ ਮਾਨਸਿਕ ਸਾਂਝ ਵੀ ਨਹੀਂ ਹੁੰਦੀ, ਜਿਸ ਕਰਕੇ ਪੰਜਾਬੀ ਕਿਤਾਬਾਂ ਅਣਵਿਕੀਆਂ ਹੀ ਰਹਿ ਜਾਂਦੀਆਂ ਹਨ। ਉਹਨਾਂ ਕਿਹਾ ਕਿ ਸਾਡੇ ਕੋਲ ਪ੍ਰਭੂਸੱਤਾ ਹੈ, ਜੁਬਾਨ ਹੈ ਪਰ ਇਹ ਸਾਡੀ ਕਮਜ਼ੋਰੀ ਹੀ ਕਹੀ ਜਾ ਸਕਦੀ ਹੈ ਕਿ ਅਸੀਂ ਸਰਕਾਰਾਂ ਉਪਰ ਦਬਾਅ ਬਣਾ ਕੇ ਆਪਣੀ ਭਾਸ਼ਾ ਦੀ ਤਰੱਕੀ ਲਈ ਕੱਖ ਵੀ ਨਹੀਂ ਕਰ ਸਕੇ।